# ਕਰੋਨਾ ਵਾਇਰਸ ਦੇ ਫੈਲਣ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਮ-ਕਾਜ ਅਤੇ ਦਫਤਰੀ ਉਪਕਰਨਾਂ ਨੂੰ ਕੀਟਾਣੂ ਨਾਸ਼ਕ ਕਰਨ ਹਿੱਤ ਸੁਝਾਅ

# Standard Operating Procedure (SOP)

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ
ਵਾਟਰ ਕੁਆਲਿਟੀ ਮੋਨੀਟਰਿੰਗ ਅਤੇ ਇਵੈਲਿਊਏਸ਼ਨ ਯੂਨਿਟ, ਐਸ.ਏ.ਐਸ. ਨਗਰ

# 1. ਦਫਤਰ ਦੇ ਅੰਦਰੂਨੀ ਕੰਮ ਵਾਲੀ ਥਾਂ ਨੂੰ ਕੀਟਾਣੂ ਮੁਕਤ ਕਰਨ ਹਿੱਤ

**ਸੁਝਾਅ:** ਕੀਟਾਣੂ ਨਾਸ਼ਕ ਪਦਾਰਥਾਂ ਨਾਲ ਛਿੜਕਾਅ (ਫੋਗਿੰਗ) ਕੀਤਾ ਜਾਵੇ।

**ਸਥਾਨ:** ਦਫਤਰ, ਪੰਪ ਹਾਊਸ, ਫਿਲਟਰ ਹਾਊਸ, ਪ੍ਰਯੋਗਸ਼ਾਲਾ ਆਦਿ ਵਿੱਚ

## ਲੋੜੀਂਦੇ ਰਸਾਇਣਿਕ ਪਦਾਰਥ:

I) ਸਿਲਵਰ ਪਰਆਕਸਾਈਡ **(Silver Peroxide)**
II) ਬੈਕਟਰੈਕਸ ਪਲੱਸ **(Bactrax Plus)**
III) ਰੈਡੀਕਸ ਗਾਰਡ-125 **(Radix Guard-125)** ਜਾਂ ਕੋਈ ਵੀ ਅਜਿਹਾ ਕੈਮੀਕਲ ਜਿਸ ਵਿੱਚ **Alkyl dimethyl benzyl ammonium chloride**

## ਲੋੜੀਂਦੇ ਰਸਾਇਣਿਕ ਪਦਾਰਥ ਤਿਆਰ ਕਰਨ ਦੀ ਵਿਧੀ:

I) ਇਕ ਲਿਟਰ ਪਾਣੀ **30ml Silver Peroxide,** 30ml **Bactrox Plus** ਮਿਲਾਓ ਜਾਂ ਫਿਰ 10ml ਵਿੱਚ **Radix Guard 125** ਮਿਲਾਓ।
II) ਇਸੇ ਤਰਾਂ 5 ਲਿਟਰ ਪਾਣੀ ਵਿੱਚ 150 **ml Silver Peroxide, Bactrox Plus** ਮਿਲਾਓ ਅਤੇ ਇਸ ਨੂੰ ਇਕ ਕੰਟੇਨਰ ਵਿੱਚ ਰੱਖੋ ਅਤੇ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਵੋਲਿਅਮ 5 ਲਿਟਰ ਹੀ ਬਣੇ।

## ਘੋਲ:

| ਲੜੀ ਨੰਬਰ | ਕੈਮੀਕਲ/ਕੀਟਾਣੂ ਨਾਸ਼ਕ | ਘੋਲ |
|---|---|---|
| 1. | **Silver Peroxide** | 30**ml/1000 ml** |
| **2.** | **Bactrax Plus** | 30**ml/1000 ml** |
| **3.** | **Radix Guard 125** | **10 ml/1000 ml** |

ਟੇਬਰ-1

## ਛਿੜਕਾਅ ਕਰਨ ਦੀ ਵਿਧੀ:

I) 100 **cu.ft.** ਦੇ ਖੇਤਰ ਵਿੱਚ 2 ਮਿੰਟ ਲਈ ਕੀਟਾਣੂ ਨਾਸ਼ਕ ਦਾ ਛਿੜਕਾਅ ਜਰੂਰੀ ਹੈ (ਜਿਵੇਂ ਕਿ 200 **cu.ft.** ਦੇ ਖੇਤਰ ਵਿੱਚ 4 ਮਿੰਟ ਤੱਕ ਛਿੜਕਾਅ ਦੀ ਜਰੂਰਤ ਹੈ ਅਤੇ ਇਸੇ ਤਰ੍ਹਾਂ ਹੋਰ **cu.ft.** ਦੇ ਖੇਤਰ ਦੇ ਅਨੁਸਾਰ)
II) ਕੀਟਾਣੂ ਨਾਸ਼ਕ ਮਸ਼ੀਨਾਂ ਦੇ ਇੰਸਟ੍ਰਕਸ਼ਨਲ ਮੈਨੂਅਲ ਨੂੰ ਫੋਲੋ ਕੀਤਾ ਜਾਵੇ।
III) ਕੀਟਾਣੂ ਨਾਸ਼ਕ ਮਸ਼ੀਨ ਨੂੰ ਲਗਾਤਾਰ 30 ਮਿੰਟ ਤੋਂ ਵੱਧ ਨਾ ਚਲਾਇਆ ਜਾਵੇ। ****

ਦੁਹਰਾਉਣ ਦੀ ਵਿਧੀ: ਦਿਨ ਵਿੱਚ ਦੋ ਵਾਰ। ਜੇਕਰ ਡਿਊਟੀ ਸ਼ਿਫਟ ਵਿੱਚ ਚੱਲ ਰਹੀ ਹੈ ਤਾਂ ਡਿਊਟੀ ਖਤਮ ਹੋਣ ਤੋਂ ਪਹਿਲਾਂ ਅਤੇ ਫਿਰ ਡਿਊਟੀ ਦੀ ਮਿਆਦ ਖਤਮ ਹੋਣ ਤੋਂ ਤੁਰੰਤ ਬਾਅਦ।

## 2. ਫਰਸ਼ ਨੂੰ ਕੀਟਾਣੂ ਮੁਕਤ ਕਰਨ ਲਈ

ਸੁਝਾਅ: ਕੀਟਾਣੂ ਨਾਸ਼ਕ ਨਾਲ ਪੋਚਾ ਲਗਾਉਣਾ

ਲੋੜੀਂਦੇ ਰਸਾਇਣਿਕ ਪਦਾਰਥ: ਸਿਲਵਰ ਪਰਆਕਸਾਈਡ **(Silver Peroxide)**, ਬੈਕਟਰੈਕਸ ਪਲਸ **(Bactrax Plus)**, ਰੈਡੀਕਸ ਗਾਰਡ**-125 (Radix Guard-125)** ਜਾਂ ਕੋਈ ਵੀ ਅਜਿਹਾ ਕੈਮੀਕਲ ਜਿਸ ਵਿੱਚ **Alkyl dimethyl benzyl ammonium chloride** 2.7% ਹੋਵੇ, **Alkyl dimethyl ethyl benzyl ammonium Chloride 2.3% or benzalkonium chloride, Sodium hypo chlorite 10%** ਜਾਂ ਉਸ ਤੋਂ ਜਿਆਦਾ ਹੋਵੇ।

### ਲੋੜੀਂਦੇ ਰਸਾਇਣਿਕ ਪਦਾਰਥ ਤਿਆਰ ਕਰਨ ਦੀ ਵਿਧੀ:

**I)** ਇਕ ਲਿਟਰ ਪਾਣੀ ਵਿੱਚ ਟੇਬਲ 2 ਮੁਤਾਬਿਕ ਕੀਟਾਣੂ ਨਾਸ਼ਕ ਘੋਲ ਮਿਲਾਓ।
**II)** ਪੋਚਾ ਲਗਾਉਣ ਲਈ ਪੋਚੇ ਵਾਲੇ ਬਰਤਨ ਜਾਂ ਬਾਲਟੀ ਵਿੱਚ 5 ਲਿਟਰ ਪਾਣੀ ਲੈ ਕੇ 150**ml** ਕੀਟਾਣੂ ਨਾਸ਼ਕ ਮਿਲਾਓ।

### ਘੋਲ:

| ਲੜੀ ਨੰਬਰ | ਕੈਮੀਕਲ/ਕੀਟਾਣੂ ਨਾਸ਼ਕ | ਘੋਲ |
|---|---|---|
| 1. | **Silver Peroxide** | 30**ml/1000 ml** |
| **2.** | **Bactrax Plus** | 30**ml/1000 ml** |
| **3.** | **Radix Guard 125** | **15 ml/1000 ml** |

ਟੇਬਰ-2

### ਪੋਚਾ ਲਗਾਉਣ ਦੀ ਵਿਧੀ:

**I)** ਬਾਲਟੀ ਵਿੱਚ 5 ਲਿਟਰ ਪਾਣੀ ਲਓ ਅਤੇ ਟੇਬਲ-2 ਘੋਲ ਅਨੁਸਾਰ ਮਿਲਾਓ।
**II)** ਸਿਲਵਰ ਪਰਆਕਸਾਈਡ **(Silver Peroxide)** ਲਈ 5 ਲਿਟਰ ਪਾਣੀ ਵਿੱਚ 150**ml** ਕੀਟਾਣੂ ਨਾਸ਼ਕ ਮਿਲਾਓ।

ਦੁਹਰਾਉਣ ਦੀ ਵਿਧੀ: ਦਿਨ ਵਿੱਚ ਦੋ ਜਾਂ ਤਿੰਨ ਵਾਰ। ਜੇਕਰ ਡਿਊਟੀ ਸ਼ਿਫਟ ਵਿੱਚ ਚੱਲ ਰਹੀ ਹੈ ਤਾਂ ਹਰੇਕ ਸ਼ਿਫਟ ਵਿੱਚ ਪੋਚਾ 2 ਵਾਰ ਲਗਾਇਆ ਜਾਵੇ।

## 3. ਫਰਨੀਚਰ ਅਤੇ ਫਿਕਸਚਰਜ਼ ਨੂੰ ਕੀਟਾਣੂ ਮੁਕਤ ਕਰਨ ਹਿੱਤ

ਸਥਾਨ: ਦਰਵਾਜੇ, ਦਰਵਾਜਿਆਂ ਦੇ ਹੈਂਡਲ, ਖਿੜਕੀਆਂ, ਖਿੜਕੀਆਂ ਦੇ ਹੈਂਡਲ, ਸਟੀਲ, ਲੱਕੜ ਅਤੇ ਪਲਾਸਟਿੱਕ ਦਾ ਫਰਨੀਚਰ, ਕੰਮ ਕਰਨ ਵਾਲੀ ਸਲੈਬਾਂ ਅਤੇ ਲੈਬੋਰਟਰੀਆਂ ਦੇ ਉਪਕਰਨ

ਲੋੜੀਂਦੇ ਰਸਾਇਣਿਕ ਪਦਾਰਥ: ਸਿਲਵਰ ਪਰਆਕਸਾਈਡ **(Silver Peroxide)**, ਬੈਕਟਰੈਕਸ ਪਲਸ **(Bactrax Plus)**, ਰੈਡੀਕਸ ਗਾਰਡ**-125 (Radix Guard-125)** ਜਾਂ ਕੋਈ ਵੀ ਅਜਿਹਾ ਕੈਮੀਕਲ ਜਿਸ ਵਿੱਚ **Alkyl Dimethyl benzyl ammonium chloride** 2.7% ਹੋਵੇ, **Alkyl Dimethyl ethyl benzyl ammonium Chloride 2.3% or benzalkonium chloride**

### ਲੋੜੀਂਦੇ ਰਸਾਇਣਿਕ ਪਦਾਰਥ ਤਿਆਰ ਕਰਨ ਦੀ ਵਿਧੀ:

I) ਘੋਲ ਟੇਬਲ **3** ਮੁਤਾਬਿਕ ਇਕ ਲਿਟਰ ਪਾਣੀ ਵਿੱਚ ਕੀਟਾਣੂ ਨਾਸ਼ਕ ਮਿਲਾਓ।
II) ਛਿੜਕਾਣ ਵਾਲੀ ਬੋਤਲ ਜਾਂ ਖੁੱਲੇ ਮੂੰਹ ਵਾਲੇ ਬਰਤਨ ਵਿੱਚ 2 ਲਿਟਰ ਪਾਣੀ ਵਿੱਚ 30 **ml solution** ਪਾਓ।

ਘੋਲ:

| ਲੜੀ ਨੰਬਰ | ਕੈਮੀਕਲ/ਕੀਟਾਣੂ ਨਾਸ਼ਕ | ਘੋਲ |
|---|---|---|
| 1. | **Silver Peroxide** | 15**ml/1000 ml** |
| **2.** | **Bactrax Plus** | 15**ml/1000 ml** |
| **3.** | **Radix Guard-125** | 7.5 **ml/1000 ml** |

ਟੇਬਰ-**3**

### ਵਿਧੀ:

I) ਉਪਰੋਕਤ ਦਰਸਾਏ ਘੋਲ ਅਨੁਸਾਰ ਸਲਿਊਸ਼ਨ ਬਣਾਇਆ ਜਾਵੇ।
II) ਸਾਫ ਕੱਪੜੇ ਨੂੰ ਕੀਟਾਣੂ ਨਾਸ਼ਕ ਤਿਆਰ ਕੀਤੇ ਗਏ ਸਲਿਊਸ਼ਨ ਵਿੱਚ ਡੁਬਾਓ ਅਤੇ ਫਰਨੀਚਰ ਅਤੇ ਫੀਕਸਚਰਜ਼ ਨੂੰ ਸਾਫ ਕਰੋ ਜਾਂ ਕੀਟਾਣੂ ਨਾਸ਼ਕ ਦਾ ਛਿੜਕਾਅ ਕਰੋ ਅਤੇ 2 ਮਿੰਟ ਬਾਅਦ ਸਾਫ ਕਰੋ।
III) ਖਿੜਕੀ ਦਰਵਾਜੇ ਅਤੇ ਸ਼ੀਸ਼ੇ ਵਾਲੀ ਥਾਂਵਾਂ ਤੇ ਕੀਟਾਣੂ ਰਹਿਤ ਸਲਿਊਸ਼ਨ ਦਾ ਛਿੜਕਾਣ ਕੀਤਾ ਜਾਵੇ ਅਤੇ ਉਸ ਤੋਂ ਬਾਅਦ ਸਾਫ ਕੱਪੜੇ ਨਾਲ ਸਾਫ ਕੀਤਾ ਜਾਵੇ।

ਦੁਹਰਾਉਣ ਦੀ ਵਿਧੀ: ਦਿਨ ਵਿੱਚ ਦੋ ਵਾਰ। ਜੇਕਰ ਡਿਊਟੀ ਸ਼ਿਫਟ ਵਿੱਚ ਚੱਲ ਰਹੀ ਹੈ ਤਾਂ ਹਰੇਕ ਸ਼ਿਫਟ ਦੀ ਸ਼ੁਰੂਆਤ ਅਤੇ ਹਰ ਵਾਰ ਇਸਤੇਮਾਲ ਹੋਣ ਦੇ ਸ਼ੁਰੂ ਅਤੇ ਅੰਤ ਵਿੱਚ।

# 4. ਓਪਰੇਸ਼ਨਲ ਵਾਲਵ ਅਤੇ ਉਪਕਰਨਾਂ ਨੂੰ ਕੀਟਾਣੂ ਮੁਕਤ ਕਰਨ ਹਿੱਤ

ਲੋੜੀਂਦੇ ਰਸਾਇਣਿਕ ਪਦਾਰਥ: ਸਿਲਵਰ ਪਰਆਕਸਾਈਡ **(Silver Peroxide)**, ਬੈਕਟਰੈਕਸ ਪਲਸ **(Bactrax Plus)**, ਰੈਡੀਕਸ ਗਾਰਡ-**125 (Radix Guard-125)** ਜਾਂ ਕੋਈ ਵੀ ਅਜਿਹਾ ਕੈਮੀਕਲ ਜਿਸ ਵਿੱਚ **Alkyl Dimethyl benzyl ammonium chloride** 2.7% ਹੋਵੇ, **Alkyl Dimethyl ethyl benzyl ammonium Chloride 2.3% or benzalkonium chloride, Sodium hypo chlorite 10%** ਜਾਂ ਉਸ ਤੋਂ ਜਿਆਦਾ ਹੋਵੇ।

ਲੋੜੀਂਦੇ ਰਸਾਇਣਿਕ ਪਦਾਰਥ ਤਿਆਰ ਕਰਨ ਦੀ ਵਿਧੀ:

**I)** ਘੋਲ ਟੇਬਲ 4 ਮੁਤਾਬਿਕ ਇਕ ਲਿਟਰ ਪਾਣੀ ਵਿੱਚ ਕੀਟਾਣੂ ਨਾਸ਼ਕ ਮਿਲਾਓ।

**II)** ਛਿੜਕਾਣ ਵਾਲੀ ਬੋਤਲ ਜਾਂ ਖੁੱਲੇ ਮੂੰਹ ਵਾਲੇ ਬਰਤਨ ਵਿੱਚ 2 ਲਿਟਰ ਪਾਣੀ ਵਿੱਚ 30**ml solution** ਪਾਓ।

ਘੋਲ:

| ਲੜੀ ਨੰਬਰ | ਕੈਮੀਕਲ/ਕੀਟਾਣੂ ਨਾਸ਼ਕ | ਘੋਲ |
|---|---|---|
| 1. | **Silver Peroxide** | 15**ml/1000 ml** |
| **2.** | **Bactrax Plus** | 15**ml/1000 ml** |
| **3.** | **Radix Guard-125** | 7.5 **ml/1000 ml** |
| 4. | **Alkasept Plus** | 15**ml/1000 ml** |

ਟੇਬਰ-4

ਵਿਧੀ:

**I)** ਉਪਰੋਕਤ ਦਰਸਾਏ ਘੋਲ ਅਨੁਸਾਰ ਸਲਿਊਸ਼ਨ ਬਣਾਇਆ ਜਾਵੇ।

**II)** ਸਾਫ ਕੱਪੜੇ ਨੂੰ ਤਿਆਰ ਕੀਤੇ ਗਏ ਕੀਟਾਣੂ ਨਾਸ਼ਕ ਸਲਿਊਸ਼ਨ ਵਿੱਚ ਡੁਬਾਓ ਅਤੇ ਓਪਰੇਸ਼ਨਲ ਵਾਲਵ ਅਤੇ ਬਾਕੀ ਉਪਕਰਨਾਂ ਨੂੰ ਸਾਫ ਕਰੋ।

ਦੁਹਰਾਉਣ ਦੀ ਵਿਧੀ: ਹਰ ਸ਼ਿਫਟ ਦੀ ਸ਼ੁਰੂਆਤ ਤੋਂ ਪਹਿਲਾਂ ਅਤੇ ਹਰ ਵਾਰ ਇਸਤੇਮਾਲ ਹੋਣ ਦੇ ਸ਼ੁਰੂ ਅਤੇ ਅੰਤ ਵਿੱਚ।

*ਨੋਟ* **:** *ਸੀਵਰੇਜ ਟ੍ਰੀਟਮੈਂਟ ਪਲਾਂਟ, ਵਾਟਰ ਟ੍ਰੀਟਮੈਟ ਪਲਾਂਟ, ਸਕੀਮਾਂ ਦੇ ਵਾਲਵ ਤੇ ਜਿਆਦਾ ਧਿਆਨ ਦਿੱਤਾ ਜਾਵੇ ਅਤੇ ਓਪਰੇਸ਼ਨ ਵਾਲਵਜ਼ ਅਤੇ ਹੈਂਡਲਾਂ ਨੂੰ ਵਾਰ-ਵਾਰ ਸਾਫ ਕੀਤਾ ਜਾਵੇ। ਕੀਟਾਣੂ ਨਾਸ਼ਕ ਦੀ ਵਰਤੋਂ ਓਪਰੇਸ਼ਨਲ ਵਾਲਵਜ਼ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਅਤੇ ਇਸਤੇਮਾਲ ਕਰਨ ਤੋਂ ਬਾਅਦ ਕੀਤੀ ਜਾਵੇ। ਇਸ ਦੇ ਲਈ ਓਪਰੇਸ਼ਨਲ ਸਟਾਫ ਨੂੰ ਕੈਮੀਕਲ ਨਾਲ ਭਰੀ ਹੋਈ ਸਪ੍ਰੇਅ ਬੋਤਲ ਅਤੇ ਸਾਫ ਕੱਪੜਾ ਮੁਹੱਈਆ ਕਰਵਾਇਆ ਜਾਵੇ।*